ਬ੍ਰੌਡੇਕਰਜ਼ ਹਾਉਸਿੰਗ ਐਸੋਸੀਏਸ਼ਨ ਨੌਰਥ ਯੌਰਕਸ਼ਾਇਰ ਵਿੱਚ 5,000 ਤੋਂ ਵੱਧ ਘਰਾਂ ਨੂੰ ਬਹੁਤ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ। ਬ੍ਰੌਡੇਕਰਜ਼ ਖੈਰਾਤ ਦੇ ਨੇਮਾਂ ਹੇਠ ਕੰਮ ਕਰਦੀ ਹੈ ਅਤੇ ਇਸਦੀ ਗਵਰਨਿੰਗ ਬਾੱਡੀ ਵਿੱਚ 12 ਵਾਲੰਟੀਅਰ ਹਨ ਜਿਨ੍ਹਾਂ ਵਿੱਚੋਂ ਚਾਰ ਐਸੋਸੀਏਸ਼ਨ ਦੇ ਕਿਰਾਏਦਾਰ ਹਨ।

ਸਭ ਦੇ ਲਈ ਜਾਣਕਾਰੀ ਅਤੇ ਸੇਵਾਵਾਂ ਦੀ ਇੱਕੋ ਜਿਹੀ ਉਪਲਬਧਤਾ ਦੀ ਨੀਤੀ ਦੇ ਲਈ ਅਸੀਂ ਵਚਨਬੱਧ ਹਾਂ। ਅਸੀਂ 'ਲੈਂਗੁਏਜ ਲਾਈਨ' ਅਨੁਵਾਦ ਅਤੇ ਦੁਭਾਸ਼ੀਆ ਸੇਵਾ ਦਾ ਚੰਦਾ ਭਰਦੇ ਹਾਂ ਜਿਸ ਦਾ ਮਤਲਬ ਹੈ ਕਿ ਅਸੀਂ ਆਪਣੇ ਗਾਹਕਾਂ ਨੂੰ ਅਨੁਵਾਦ ਅਤੇ ਦੁਭਾਸ਼ੀਏ ਦੀਆਂ ਸੇਵਾਵਾਂ ਪ੍ਰਦਾਨ ਕਰ ਸਕਦੇ ਹਾਂ। ਜੇ ਤੁਸੀਂ ਸਾਡੀ ਕੋਈ ਵੀ ਜਾਣਕਾਰੀ ਕਿਸੇ ਹੋਰ ਭਾਸ਼ਾ ਜਾਂ ਰੂਪ ਵਿੱਚ ਪ੍ਰਾਪਤ ਕਰਨਾ ਚਾਹੋ ਤਾਂ ਕਿਰਪਾ ਕਰਕੇ ਸਾਡੇ 24 ਘੰਟੇ ਕੰਮ ਕਰਨ ਵਾਲੇ ਗਾਹਕ ਸੇਵਾ ਕੇਂਦਰ ਨੂੰ 01609 767900 ਨੰਬਰ 'ਤੇ ਸੰਪਰਕ ਕਰੋ।

**ਹਾਉਸਿੰਗ ਦੇ ਵਿਕਲਪ:**

ਬ੍ਰੌਡੇਕਰਜ਼ ਲੋਕਾਂ ਦੀਆਂ ਵੱਖ ਵੱਖ ਤਰ੍ਹਾਂ ਦੀਆਂ ਲੋੜਾਂ ਅਤੇ ਇੱਛਾਵਾਂ ਮੁਤਾਬਕ ਕਈ ਤਰ੍ਹਾਂ ਦੀ ਹਾਉਸਿੰਗ ਦੀ ਪੇਸ਼ਕਸ਼ ਕਰਦਾ ਹੈ।

ਸਾਡੇ ਹਾਉਸਿੰਗ ਦੇ ਵਿਕਲਪਾਂ ਵਿੱਚ ਸ਼ਾਮਲ ਹਨ:

- ਕਿਰਾਏ 'ਤੇ ਰਿਹਾਇਸ਼
- ਸ਼ੈਲਟਰਡ ਹਾਉਸਿੰਗ
- ਵਾਧੂ ਦੇਖਭਾਲ ਵਾਲੀ ਰਿਹਾਇਸ਼
- ਸਹਾਇਤਾ ਵਾਲੀ ਰਿਹਾਇਸ਼ ਉਹਨਾਂ ਲੋਕਾਂ ਲਈ:
    - ਜਿਨ੍ਹਾਂ ਨੂੰ ਮਾਨਸਿਕ ਸਿਹਤ ਦੀਆਂ ਸਮੱਸਿਆਵਾਂ ਹਨ
    - ਜਿਨ੍ਹਾਂ ਨੂੰ ਸਿੱਖਣ ਸਬੰਧਤ ਸਮੱਸਿਆਵਾਂ ਹਨ
    - ਜੋ ਇਕੱਲੇ ਅਤੇ ਬੇਘਰ ਹਨ
    - ਜੋ ਅਸਥਾਈ ਸਹਾਇਤਾ ਨਾਲ ਆਤਮ ਨਿਰਭਰ ਰਹਿਣਾ ਚਾਹੁੰਦੇ ਹਨ
- ਸਾਂਝੀ ਮਲਕੀਅਤ
- ਘੱਟ ਕੀਮਤ (ਡਿਸਕਾਉਂਟ 'ਤੇ) ਵਿਕਰੀ
- ਖੁੱਲ੍ਹੀ ਮਾਰਕੀਟ ਵਿੱਚ ਵਿਕਰੀ

ਬਦਕਿਸਮਤੀ ਨਾਲ, ਕੁਝ ਇਲਾਕਿਆਂ ਲਈ ਸਾਡੇ ਕੋਲ ਲੰਮੀਆਂ ਵੇਟਿੰਗ ਲਿਸਟਾਂ ਹਨ ਅਤੇ ਅਸੀਂ ਕਾਫੀ ਲੰਮੇ ਸਮੇਂ ਲਈ ਤੁਹਾਨੂੰ ਇਹਨਾਂ ਇਲਾਕਿਆਂ ਵਿੱਚ ਘਰ ਨਹੀਂ ਦੇ ਸਕਾਂਗੇ।

ਜੇ ਤੁਸੀਂ ਸਾਡੀਆਂ ਯੋਗਤਾ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋ ਤਾਂ ਤੁਸੀਂ ਬ੍ਰੌਡੇਕਰਜ਼ ਪ੍ਰਾਪਰਟੀ ਲਈ ਅਰਜ਼ੀ ਦੇ ਸਕਦੇ ਹੋ।

ਕਿਰਪਾ ਕਰਕੇ ਬ੍ਰੌਡੇਕਰਜ਼ ਨੂੰ ਹੇਠਾਂ ਦਿਤੇ ਟੈਲੀਫੋਨ ਨੰਬਰ ‘ਤੇ ਸੰਪਰਕ ਕਰੋ ਜਿੱਥੇ ਸਾਡੀ ਭਾਸ਼ਾ ਲਾਈਨ ਸੇਵਾ ਦਾ ਕੋਈ ਮੈਂਬਰ ਤੁਹਾਡੇ ਸਵਾਲਾਂ ਦਾ ਜਵਾਬ ਦੇ ਸਕਦਾ ਹੈ।

## ਦੇਖਭਾਲ / ਸਹਾਇਤਾ ਸੇਵਾਵਾਂ:

ਅਸੀਂ ਵੱਖ ਵੱਖ ਗਾਹਕ ਗਰੁੱਪਾਂ ਨੂੰ ਕਈ ਤਰ੍ਹਾਂ ਦੀਆਂ ਸਹਾਇਤਾ ਸੇਵਾਵਾਂ ਪ੍ਰਦਾਨ ਕਰਦੇ ਹਾਂ ਜਿਨ੍ਹਾਂ ਵਿੱਚ ਮਾਨਸਿਕ ਸਿਹਤ ਦੀਆਂ ਸਮੱਸਿਆਵਾਂ ਵਾਲੇ ਲੋਕ, ਸਿੱਖਣ ਸਬੰਧਤ ਸਮੱਸਿਆਵਾਂ ਵਾਲੇ ਲੋਕ, ਬਜ਼ੁਰਗ, ਸਰੀਰਕ ਅਸਮਰੱਥਾ ਵਾਲੇ ਲੋਕ, ਘਰੇਲੂ ਹਿੰਸਾ ਤੋਂ ਨੱਠੇ ਹੋਏ ਲੋਕ, ਸ਼ਰਾਬ ਅਤੇ ਦੂਜੇ ਪਦਾਰਥਾਂ ਦੀ ਦੁਰਵਰਤੋਂ ਕਰਨ ਵਾਲੇ ਲੋਕ ਅਤੇ ਬੇਘਰ ਲੋਕ ਸ਼ਾਮਲ ਹਨ।

ਕਿਰਪਾ ਕਰਕੇ ਬ੍ਰੌਡੇਕਰਜ਼ ਨੂੰ ਹੇਠਾਂ ਦਿਤੇ ਟੈਲੀਫੋਨ ਨੰਬਰ ‘ਤੇ ਸੰਪਰਕ ਕਰੋ ਜਿੱਥੇ ਸਾਡੀ ਭਾਸ਼ਾ ਲਾਈਨ ਸੇਵਾ ਦਾ ਕੋਈ ਮੈਂਬਰ ਤੁਹਾਡੇ ਸਵਾਲਾਂ ਦਾ ਜਵਾਬ ਦੇ ਸਕਦਾ ਹੈ।

## ਸਾਨੂੰ ਸੰਪਰਕ ਕਰੋ:

**ਆਮ: 01609 767900 (24 ਘੰਟੇ)**

**ਕਿਰਾਏਦਾਰ: 0800 5875291 (24 ਘੰਟੇ)**